# गुरु ग्रन्थ साहिब जी आए ने

ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ,
ਵਾਹਿਗੁਰੂ ਵਾਹਿਗੁਰੂ, ਵਾਹਿਗੁਰੂ ਜੀ ॥

ਵਾਹਿਗੁਰੂ ਵਾਹਿਗੁਰੂ, ਸੰਗਤ ਬੋਲੇ,
ਸੱਚਖੰਡ ਦੇ ਰਾਹ, ਰੱਬ ਨੇ ਖੋਲ੍ਹੇ ।
ਚਾਰੇ ਪਾਸੇ, ਰੁਸ਼ਨਾਏ ਨੇ,
"ਵਰਖ਼ਾ ਕਰ ਦਿਓ, ਫ਼ੁੱਲਾਂ ਦੀ" ।
ਗੁਰੂ ਗਰੰਥ ਸਾਹਿਬ ਜੀ, ਆਏ ਨੇ,
"ਵਰਖ਼ਾ ਕਰ ਦਿਓ, ਫ਼ੁੱਲਾਂ ਦੀ" ॥

ਅੱਗੇ ਅੱਗੇ, ਪੰਜ ਪਿਆਰੇ,
ਚਰਨ ਇਹਨਾਂ ਦੇ, ਧੋਵਣ ਸਾਰੇ ॥
ਕਿੰਨੇ ਸੋਹਣੇ, ਰੂਪ ਸਜਾਏ ਨੇ,
"ਵਰਖ਼ਾ ਕਰ ਦਿਓ, ਫ਼ੁੱਲਾਂ ਦੀ" ।
ਗੁਰੂ ਗਰੰਥ ਸਾਹਿਬ ਜੀ,,,,,,,,,,

ਸੇਵਾਦਾਰਾਂ, ਰਾਹ ਸਜਾ ਤੇ,
ਨਾਲ ਕਲੀਰੇ, ਫ਼ੁੱਲ ਬਣਾ ਕੇ ॥
ਖੁਸ਼ੀਆਂ ਦੇ, ਦੀਪ ਜਗਾਏ ਨੇ,
"ਵਰਖ਼ਾ ਕਰ ਦਿਓ, ਫ਼ੁੱਲਾਂ ਦੀ" ।
ਗੁਰੂ ਗਰੰਥ ਸਾਹਿਬ ਜੀ,,,,,,,,,,

ਬੋਲੇ,,,, ਸੋ ਨਿਹਾਲ,
ਸਤਿ ਸ਼੍ਰੀ ਅਕਾਲ,,,,,,
ਗੂੰਜਦੇ ਆਵਣ, ਅੱਜ ਜੈਕਾਰੇ,
ਜਾਈਏ ਸਿੰਘਾਂ, ਦੇ ਬਲਿਹਾਰੇ ॥
ਸਿੱਖ ਕੌਮ ਦੇ, ਏਹ ਸਰਮਾਏ ਨੇ,
"ਵਰਖ਼ਾ ਕਰ ਦਿਓ, ਫ਼ੁੱਲਾਂ ਦੀ" ।
ਗੁਰੂ ਗਰੰਥ ਸਾਹਿਬ ਜੀ,,,,,,,,,,

ਆਜਾ ਮੰਗਲ, ਹਠੂਰ ਵਾਲਿਆ,
ਵਾਰਿਸ ਮਨ, ਮਗਰੂਰ ਵਾਲਿਆ ॥
ਸੰਗਤਾਰ, ਕਮਲ ਗੁਣ ਗਾਏ ਨੇ,
"ਵਰਖ਼ਾ ਕਰ ਦਿਓ, ਫ਼ੁੱਲਾਂ ਦੀ" ।
ਗੁਰੂ ਗਰੰਥ ਸਾਹਿਬ ਜੀ,,,,,,,,,,
ਬੋਲੇ,,,, ਸੋ ਨਿਹਾਲ,
ਸਤਿ ਸ਼੍ਰੀ ਅਕਾਲ,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/24757/title/guru-granth-sahib-ji-aaye-ne

अपने Android मोबाइल पर BhajanGanga App डाउनलोड करें और भजनों का आनंद ले |